Punjab Government Gazette

Published by Authority

No. 10] CHANDIGARH, FRIDAY, MARCH 6, 2026 (PHALGUNA 15, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਗ੍ਰਹਿ ਮਾਮਲੇ ਵਿਭਾਗ

(ਗ੍ਰਹਿ-3 ਸ਼ਾਖਾ)

ਅਧਿਸੂਚਨਾ

ਮਿਤੀ 28 ਜੁਲਾਈ, 2025

HOME-HM-30ESBM/92/2024-2H3(E644768)/I/1162727/2025.–ਸਰਕਾਰ ਵੱਲੋਂ ਜਾਰੀ ਅਧਿਸੂਚਨਾ ਨੰ. HOME-HM-30ESBM/92/2024-2H3 (E644768)I/1128439/2025 ਮਿਤੀ 18.06.2025 ਰਾਹੀਂ ਮਿਤੀ 31.05.2025 (ਬਾ.ਦੁ) ਨੂੰ ਜਾਰੀ ਕੀਤੇ ਸੇਵਾ ਨਿਵਿਤਰੀ ਦੇ ਹੁਕਮਾਂ ਦੀ ਲਗਾਤਾਰਤਾ ਵਿੱਚ ਹੇਠ ਲਿਖੇ ਪੀ.ਪੀ.ਐਸ. ਅਧਿਕਾਰੀਆਂ (ਉਪ ਕਪਤਾਨ ਪੁਲਿਸ) ਨੂੰ 58 ਸਾਲ ਦੀ ਉਮਰ ਮੁਕੰਮਲ ਹੋਣ ਤੇ ਮਿਤੀ 31.05.2025 (ਬਾ.ਦੁ) ਤੋਂ ਸੇਵਾ ਨਿਵਿਰਤ ਕੀਤਾ ਜਾਂਦਾ ਹੈ:-

ਲੜੀ ਨੰ.	ਅਫ਼ਸਰ ਦਾ ਨਾਮ ਸਰਵ ਸ਼੍ਰੀ	ਜਨਮ ਮਿਤੀ	ਮੌਜੂਦਾ ਤੈਨਾਤੀ
1.	ਸੁਬੇਗ ਸਿੰਘ, ਪੀ.ਪੀ.ਐਸ., ਨੰ 169/ਐਫ.ਆਰ, 69/ਐਫ.ਆਰ, ਉਪ ਕਪਤਾਨ ਪੁਲਿਸ ਪੁੱਤਰ ਸ਼੍ਰੀ ਜੋਗਾ ਸਿੰਘ	15.05.1967	ਉਪ ਕਪਤਾਨ ਪੁਲਿਸ, ਸਬ ਡਵੀਜਲ ਮਹਿਲ ਕਲਾਂ, ਬਰਨਾਲਾ।
2.	ਰਵਿੰਦਰ ਸਿੰਘ, ਪੀ.ਪੀ.ਐਸ, ਨੰ 178/ਐਫ.ਆਰ, ਉਪ ਕਪਤਾਨ ਪੁਲਿਸ (ਡਾਇੰਗ ਕਾਡਰ) ਪੁੱਤਰ ਸ਼੍ਰੀ ਬਲਵੀਰ ਸਿੰਘ	30.05.1967	ਉਪ ਕਪਤਾਨ ਪੁਲਿਸ, ਸਬ ਡਵੀਜਨ ਮੋਗਾ।

2. ਉਕਤ ਅਧਿਕਾਰੀਆਂ ਦੀ ਸੇਵਾ ਨਿਵਿਰਤੀ ਦੇ ਹੁਕਮ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤੇ ਜਾਂਦੇ ਹਨ:-

ਓ) ਉਕਤ ਅਧਿਕਾਰੀਆਂ ਵਿਰੁੱਧ ਲੰਬਿਤ ਵਿਭਾਗੀ ਪੜਤਾਲ/ਵਿਜੀਲੈਂਸ ਪੜਤਾਲ ਤੇ ਇੰਨ੍ਹਾਂ ਰਿਟਾਇਰਮੈਂਟ ਦੇ ਹੁਕਮਾਂ ਦਾ ਕੋਈ ਅਸਰ ਨਹੀਂ ਪਵੇਗਾ ਅਤੇ ਵਿਭਾਗੀ ਪੜਤਾਲਾਂ ਵਿੱਚ ਲਏ ਗਏ ਫੈਸਲੇ ਇੰਨ੍ਹਾਂ ਅਧਿਕਾਰੀਆਂ ਤੇ ਲਾਗੂ ਹੋਣਗੇ।

ਅ) ਉਕਤ ਸਾਰੇ ਅਧਿਕਾਰੀਆਂ ਵਿਰੁੱਧ ਜੇਕਰ ਕਿਸੇ ਸਟੇਜ ਤੇ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਕਿ ਇਹਨਾਂ ਅਧਿਕਾਰੀਆਂ ਵਿਰੁੱਧ ਭਵਿੱਖ ਵਿੱਚ ਜੇਕਰ ਕੋਈ ਕ੍ਰਿਮੀਨਲ, ਸਿਵਲ ਕੇਸ ਜਾਂ ਅਨੁਸ਼ਾਸ਼ਨੀ ਕਾਰਵਾਈ ਕਰਨ ਬਾਰੇ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਉਹਨਾਂ ਅਧਿਕਾਰੀਆਂ ਵਿਰੁੱਧ ਪੰਜਾਬ ਸਿਵਲ ਸਰਵਿਸਜ ਰੂਲਜ ਭਾਗ–2 ਦੇ ਨਿਯਮ 2.2 ਅਨੁਸਾਰ ਕਾਰਵਾਈ ਦਾ ਹੱਕ ਰਾਖਵਾਂ ਹੋਵੇਗਾ। ਇਸ ਤੋਂ ਇਲਾਵਾ ਜੇਕਰ ਉਕਤ ਅਧਿਕਾਰੀਆਂ ਵਿਰੁੱਧ ਕੋਈ ਰਿਕਵਰੀ ਕਿਸੇ ਸਟੇਜ ਤੇ ਸਾਹਮਣੇ ਆਉਂਦੀ ਹੈ ਤਾਂ ਉਸਦੀ ਭਰਪਾਈ ਉਹਨਾਂ ਦੇ ਰਿਟਾਇਰਮੈਂਟ ਲਾਭਾਂ (ਗਰੈਚੂਟੀ/ਪੈਨਸ਼ਨ) ਵਿੱਚੋਂ ਕਰ ਲਈ ਜਾਵੇਗੀ।

ਅਮਨਦੀਪ ਕੌਰ, ਆਈ.ਏ.ਐਸ
ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ,
ਗ੍ਰਹਿ ਮਾਮਲੇ ਵਿਭਾਗ।

ਚੰਡੀਗੜ੍ਹ
ਮਿਤੀ 9 ਜੂਨ, 2025

3652/3-2026/Pb. Govt. Press, S.A.S. Nagar